SECURE OUR WORLD

# 4 ਔਨਲਾਈਨ ਸੁਰੱਖਿਅਤ ਰਹਿਣ ਦੇ ਆਸਾਨ ਤਰੀਕੇ

ਸਾਡੀ ਔਨਲਾਈਨ ਦੁਨੀਆ ਨੂੰ ਸੁਰੱਖਿਅਤ ਰੱਖਣ ਦੀ ਲੋੜ ਹੈ। ਇਹ ਯਕੀਨੀ ਬਣਾਉਣ ਵਾਸਤੇ ਅਸੀਂ ਕੁਝ ਆਸਾਨ ਚੀਜ਼ਾਂ ਕਰ ਸਕਦੇ ਹਾਂ ਕਿ ਸਾਡੀ ਜਾਣਕਾਰੀ ਉਨ੍ਹਾਂ ਲੋਕਾਂ ਤੋਂ ਸੁਰੱਖਿਅਤ ਰਹੇ ਜੋ ਇਸ ਨੂੰ ਚੋਰੀ ਕਰਨਾ ਚਾਹੁੰਦੇ ਹਨ।

## ਧੋਖਾਧੜੀ ਨੂੰ ਪਛਾਣੋ ਅਤੇ ਰਿਪੋਰਟ ਕਰੋ

ਜ਼ਿਆਦਾਤਰ ਸਫ਼ਲ ਔਨਲਾਈਨ ਘੁਸਪੈਠ "ਧੋਖਾਧੜੀ" ਸੁਨੇਹਾ ਪ੍ਰਾਪਤ ਕਰਨ ਵਾਲੇ ਦੁਆਰਾ ਗਲਤੀ ਨਾਲ ਮੈਲਵੇਅਰ ਡਾਊਨਲੋਡ ਕਰਨ ਜਾਂ ਕਿਸੇ ਸਪੈਮਰ ਨੂੰ ਆਪਣੀ ਵਿਅਕਤੀਗਤ ਜਾਣਕਾਰੀ ਦੇਣ ਦੇ ਨਤੀਜੇ ਵਜੋਂ ਹੁੰਦਾ ਹੈ। ਇਨ੍ਹਾਂ ਧੋਖਾਧੜੀ ਦੀਆਂ ਕੋਸ਼ਿਸ਼ਾਂ 'ਤੇ ਕਲਿੱਕ ਨਾ ਕਰੋ ਜਾਂ ਉਨ੍ਹਾਂ ਵਿੱਚ ਸ਼ਾਮਲ ਨਾ ਹੋਵੋ। ਇਸ ਦੀ ਬਜਾਏ, ਉਨ੍ਹਾਂ ਨੂੰ ਚਿੰਤਾਜਨਕ ਭਾਸ਼ਾ ਜਾਂ ਪੇਸ਼ਕਸ਼ਾਂ ਦੀ ਵਰਤੋਂ ਨਾਲ ਪਛਾਣੋ ਜੋ ਸਹੀ ਹੋਣ ਵਾਸਤੇ ਬਹੁਤ ਵਧੀਆ ਲਗਦੀਆਂ ਹਨ।

**ਧੋਖੇ ਦੀ ਰਿਪੋਰਟ ਕਰੋ ਅਤੇ ਧੋਖਾਧੜੀ ਵਾਲੇ ਸੁਨੇਹਿਆਂ ਨੂੰ ਡਿਲੀਟ ਕਰ ਦਿਓ।**



## ਮਜ਼ਬੂਤ ਪਾਸਵਰਡਾਂ ਦੀ ਵਰਤੋਂ ਕਰੋ

ਸਰਲ ਪਾਸਵਰਡ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਰੇਕ ਖਾਤੇ ਵਾਸਤੇ ਘੱਟੋ-ਘੱਟ 16 ਅੱਖਰ ਲੰਬੇ, ਬੇਤਰਤੀਬ ਅਤੇ ਵਿਲੱਖਣ ਪਾਸਵਰਡ ਬਣਾਓ। ਪਾਸਵਰਡ ਮੈਨੇਜਰ ਦੀ ਵਰਤੋਂ ਕਰੋ, ਇੱਕ ਸੁਰੱਖਿਅਤ ਪ੍ਰੋਗਰਾਮ ਜੋ ਪਾਸਵਰਡ ਸੰਭਾਲੀ ਰੱਖਦਾ ਹੈ ਅਤੇ ਪਾਸਵਰਡ ਬਣਾਉਂਦਾ ਹੈ। ਇਹ ਵਰਤੋਂ ਵਿੱਚ ਸੌਖਾ ਪ੍ਰੋਗਰਾਮ ਪਾਸਵਰਡਾਂ ਨੂੰ ਸਟੋਰ ਕਰੇਗਾ ਅਤੇ ਉਨ੍ਹਾਂ ਨੂੰ ਵੈੱਬ 'ਤੇ ਆਪਣੇ-ਆਪ ਭਰ ਦੇਵੇਗਾ।

****************

## ਮਲਟੀਫੈਕਟਰ ਔਥੈਨਕੇਸ਼ਨ (MFA) ਨੂੰ ਚਾਲੂ ਕਰੋ

ਕਿਸੇ ਵੀ ਅਜਿਹੀ ਸਾਈਟ 'ਤੇ MFA ਦੀ ਵਰਤੋਂ ਕਰੋ ਜੋ ਇਸ ਦੀ ਪੇਸ਼ਕਸ਼ ਕਰਦੀ ਹੈ। MFA ਖਾਤਿਆਂ ਅਤੇ ਐਪਸ ਵਿੱਚ ਲੌਗ-ਇਨ ਕਰਦੇ ਸਮੇਂ ਪਾਸਵਰਡ ਤੋਂ ਇਲਾਵਾ ਸੁਰੱਖਿਆ ਦੀ ਇੱਕ ਵਾਧੂ ਪਰਤ ਬਣਾਉਂਦਾ ਹੈ ਜਿਵੇਂ ਕਿ ਫੇਸ ਸਕੈਨ ਜਾਂ ਟੈਕਸਟ ਰਾਹੀਂ ਭੇਜਿਆ ਗਿਆ ਇੱਕ ਕੋਡ।

**MFA ਦੀ ਵਰਤੋਂ ਕਰਨ ਨਾਲ ਤੁਹਾਡੇ ਡਿਵਾਈਸ ਦੇ ਹੈਕ ਹੋਣ ਦੀ ਸੰਭਾਵਨਾ ਬਹੁਤ ਘੱਟ ਹੋ ਜਾਵੇਗੀ।**

## ਸੌਫ਼ਟਵੇਅਰ ਅੱਪਡੇਟ ਕਰੋ

ਜਦੋਂ ਡਿਵਾਈਸ, ਐਪਸ ਜਾਂ ਸੌਫ਼ਟਵੇਅਰ ਪ੍ਰੋਗਰਾਮ (ਖ਼ਾਸ ਤੌਰ 'ਤੇ ਐਂਟੀਵਾਇਰਸ ਸੌਫ਼ਟਵੇਅਰ) ਸਾਨੂੰ ਸੂਚਿਤ ਕਰਦੇ ਹਨ ਕਿ ਅੱਪਡੇਟ ਉਪਲਬਧ ਹਨ ਤਾਂ ਸਾਨੂੰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਇੰਸਟਾਲ ਕਰਨਾ ਚਾਹੀਦਾ ਹੈ। ਸਾਡੇ ਡੇਟਾ ਦੀ ਬਿਹਤਰ ਸੁਰੱਖਿਆ ਕਰਨ ਵਾਸਤੇ ਅੱਪਡੇਟਸ ਸਕਿਉਰਿਟੀ ਕੋਡ ਬੱਗਸ ਨੂੰ ਬੰਦ ਕਰਾ ਦਿੰਦਾ ਹੈ।
**ਇਸ ਨੂੰ ਹੋਰ ਵੀ ਸੌਖਾ ਬਣਾਉਣ ਵਾਸਤੇ, ਅੱਪਡੇਟਸ ਨੂੰ ਸਵੈ-ਚਲਿਤ ਤੌਰ 'ਤੇ ਚਾਲੂ ਕਰੋ।**




# ਇਹ ਕਦਮ ਚੁੱਕਣ ਨਾਲ ਸਾਡੀ ਦੁਨੀਆ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੈ।



**ਅਸੀਂ ਸਾਰਿਆਂ ਨੂੰ ਔਨਲਾਈਨ ਸੁਰੱਖਿਅਤ ਰਹਿਣ ਵਿੱਚ ਮਦਦ ਕਰ ਸਕਦੇ ਹਾਂ,** ਇਸ ਲਈ ਇਨ੍ਹਾਂ ਸੁਝਾਵਾਂ ਨੂੰ ਪਰਿਵਾਰ ਦੇ ਕਿਸੇ ਮੈਂਬਰ ਜਾਂ ਮਿੱਤਰ ਨਾਲ ਸਾਂਝਾ ਕਰੋ!

cisa.gov/SecureOurWorld